


**ਦਿ ਰੋਜ਼, ਬਾਈਕ ਬਰੈਂਪਟਨ ਨਾਲ ਮਿਲ ਕੇ ਸਾਈਕਲ ਅਤੇ ਸਾਈਕਲਿੰਗ ਦੀ ਖ਼ੂਬਸੂਰਤ ਦੁਨੀਆਂ ਨੂੰ ਆਰਟ ਦੇ ਜ਼ਰੀਏ ਦਰਸਾਉਣ ਲਈ ਆਰਟ ਮੁਕਾਬਲਾ ਕਰਵਾ ਰਿਹਾ ਹੈ ।**

ਇਸ ਮੁਕਾਬਲੇ ਦਾ ਹਿੱਸਾ ਬਣਨ ਲਈ ਤੁਸੀਂ ਡਾਂਸ, ਕਵਿਤਾ, ਵਿਜ਼ੂਅਲ ਆਰਟ, ਮੋਨੋਲੋਗ (monologue), ਸੰਗੀਤ, ਕਾਮੇਡੀ ਜਾਂ ਆਪਣੀ ਪਸੰਦ ਦੇ ਕਿਸੇ ਵੀ ਆਰਟ ਰਾਹੀਂ ਸਾਈਕਲਿੰਗ ਨੂੰ ਪ੍ਰਮੋਟ ਕਰਦਾ ਇੱਕ ਨਮੂਨਾ ਪੇਸ਼ ਕਰੋ।

*ਤੁਹਾਨੂੰ ਹਵਾਵਾਂ ਦਾ ਪਿੱਛਾ ਕਰਨਾ ਚੰਗਾ ਲੱਗਦਾ ਹੈ ਜਾਂ ਕੰਮ ਤੇ ਜਾਣ ਲਈ ਸਾਇਕਲ ਚਲਾਉਣਾ । ਫਿਰ ਉਹ ਚਾਹੇ ਬਰੈਂਪਟਨ ਘਾਟੀ ਦੀਆਂ ਸੜਕਾਂ ਦੀ ਨੁੱਕਰਾਂ ਅਤੇ ਪੱਖਡੰਡੀਆਂ ਦੀ ਪੜਚੋਲ ਕਰਨ ਦੀ ਖ਼ੁਸ਼ੀ ਹੋਵੇ ਜਾਂ ਸਿਰਫ ਵਾਤਾਵਰਨ ਸੰਭਾਲ ਦੀ ਸੰਤੁਸ਼ਟੀ । ਕਾਰਨ ਕੋਈ ਵੀ ਹੋਵੇ, ਸਾਨੂੰ ਆਪਣੇ ਸਾਈਕਲਿੰਗ ਨਾਲ ਲਗਾਅ ਬਾਰੇ ਦੱਸੋ।*

*ਆਓ! ਆਰਟ ਦੇ ਸਹਾਰੇ ਦੁਨੀਆਂ ਨੂੰ ਦਿਖਾਈਏ ਕਿ ਕਿਵੇਂ ਸਾਈਕਲ ਦੀ ਚੇਨ ਤੁਹਾਡੇ ਨਾਲ ਗੱਲਾਂ ਕਰਦੀ ਹੈ ਅਤੇ ਕਿਵੇਂ ਇਸਦੇ ਪਹੀਏ ਹਵਾ ਨੂੰ ਪੁਚਕਾਰਦੇ ਨੇ।*

**ਮੁਕਾਬਲੇ ਲਈ ਐਂਟਰੀਆਂ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 30 ਨਵੰਬਰ, 2020 ਹੈ।**

ਜੇਤੂ ਨੂੰ ਵਰਚੁਅਲ ਸ਼ੋਅਕੇਸ ਅਤੇ ਪੈਨਲ ਦੇ ਮੈਂਬਰਾਂ ਨਾਲ ਗੱਲਬਾਤ ਦਾ ਮੌਕਾ ਮਿਲੇਗਾ। ਇਸ ਤੋਂ ਇਲਾਵਾ ਜੇਤੂਆਂ ਨੂੰ ਵਰਚੁਅਲ ਸ਼ੋਅਕੇਸ ਵਿਚ ਹਿੱਸਾ ਲੈਣ ਲਈ 200 ਡਾਲਰ ਦਾ ਮਾਣ ਭੱਤਾ (ਆਨਰੇਰੀਅਮ) ਮਿਲੇਗਾ ਵੀ ਦਿੱਤਾ ਜਾਵੇਗਾ।

#smARTridebrampton @therosebrampton @bikebrampton

**ਐਂਟਰੀ ਭੇਜਣ ਲਈ ਗੂਗਲ ਲਿੰਕ:** *https://forms.gle/2AuFLmMqEQ7piWAd9*

Google Link For Contest Submission To BikeBrampton

**ਨਿਯਮ ਅਤੇ ਸ਼ਰਤਾਂ:**

ਮੁਕਾਬਲੇ 'ਤੇ ਖਾਸ ਕਿਸਮ ਦੇ ਨਿਯਮ ਤੇ ਲਾਗੂ ਹੁੰਦੇ ਹਨ । ਮੁਕਾਬਲੇਬਾਜ਼/ਪ੍ਰੋਮੋਟਰਜ਼ ਨੂੰ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰਨੀ ਹੋਵੇਗੀ ।

ਪ੍ਰੋਗਰਾਮ ਦੇ ਪ੍ਰਮੋਟਰ ਕ੍ਰਮਵਾਰ 'ਰੋਜ਼ ਬਰੈਂਪਟਨ' (Rose Brampton) ਅਤੇ 'ਬਾਈਕ ਬਰੈਂਪਟਨ' (Bike Brampton) ਹਨ। ਰੋਜ਼ ਬਰੈਂਪਟਨ ਦਾ ਸਰਕਾਰੀ ਪਤਾ 01 ਥੀਏਟਰ ਲੇਨ, ਬਰੈਂਪਟਨ (1 Theatre Ln, Brampton, ON) ਹੈ ਜਦਕਿ ਬਾਈਕ ਬਰੈਂਪਟਨ ਦਾ ਰਜਿਸਟਰਡ ਪਤਾ ਪੀਸੀਐਚਐਸ, 50 ਸਨੀ ਮੈਡੋ ਬੂਲੇਵਰਡ, ਯੂਨਿਟ 207, ਬਰੈਂਪਟਨ (PCHS, 50 Sunny Meadow Blvd., Unit 207, Brampton, ON L6R 1X5) ਹੈ।

ਪ੍ਰਮੋਟਰ ਦੇ ਕਰਮਚਾਰੀ, ਅਤੇ ਉਨ੍ਹਾਂ ਦੇ ਨਜ਼ਦੀਕੀ ਪਰਿਵਾਰਕ ਮੈਂਬਰ, ਰੋਜ਼ ਵਾਲੰਟੀਅਰ, ਅਤੇ ਕੋਈ ਵੀ ਵਿਅਕਤੀ ਜੋ ਪ੍ਰੋਮੋਟਰ ਨਾਲ ਪੇਸ਼ੇਵਰ ਤੌਰ ਤੇ ਜੁੜਿਆ ਹੋਇਆ ਹੈ, ਪ੍ਰੋਮੋਸ਼ਨ ਵਿਚ ਹਿੱਸਾ ਨਹੀਂ ਲੈ ਸਕਦੇ।

**ਪ੍ਰੋਮੋਸ਼ਨ ਵਿਚ ਹਿੱਸਾ ਬਣਨ ਲਈ ਯੋਗਤਾ:**

1. ਪ੍ਰੋਮੋਸ਼ਨ ਵੀਰਵਾਰ, 22 ਅਕਤੂਬਰ, 2020 ਨੂੰ ਆਰੰਭ ਹੋਵੇਗੀ। ਮੁਕਾਬਲੇ ਲਈ ਐਂਟਰੀਆਂ ਭੇਜਣ ਦੀ ਆਖਰੀ ਮਿਤੀ 30 ਨਵੰਬਰ, ਸੋਮਵਾਰ ਸਮਾਂ 23:59 (ਈਐਸਟੀ), 2020 ਹੈ।

2. ਇਹ ਪ੍ਰਚਾਰ ਕਨੇਡਾ ਦੇ ਵਸਨੀਕਾਂ (ਕਿਊਬੈਕ ਦੇ ਵਸਨੀਕਾਂ ਨੂੰ ਛੱਡ ਕੇ) ਲਈ ਖੁੱਲਾ ਹੈ ਜੋ ਕਾਨੂੰਨੀ ਤੌਰ੍ 'ਤੇ ਬਾਲਗ ਹਨ ਹਨ ਉਹਨਾਂ ਕੋਲ ਆਪਣਾ ਵੈਧ ਈਮੇਲ ਜਾਂ ਫੋਨ ਨੰਬਰ ਹੈ ।

**ਇਨਾਮ:**

1. ਜੇਤੂ ਨੂੰ ਵਰਚੁਅਲ ਸ਼ੋਅਕੇਸ ਅਤੇ ਪੈਨਲ ਦੇ ਮੈਂਬਰਾਂ ਨਾਲ ਗੱਲਬਾਤ ਦਾ ਮੌਕਾ ਮਿਲੇਗਾ। ਇਸ ਤੋਂ ਇਲਾਵਾ ਜੇਤੂਆਂ ਨੂੰ ਵਰਚੁਅਲ ਸ਼ੋਅਕੇਸ ਵਿਚ ਹਿੱਸਾ ਲੈਣ ਲਈ 200 ਡਾਲਰ ਦਾ ਮਾਣ ਭੱਤਾ (ਆਨਰੇਰੀਅਮ) ਮਿਲੇਗਾ ਵੀ ਦਿੱਤਾ ਜਾਵੇਗਾ।
2. ਇਨਾਮਾਂ ਦੀ ਕੁੱਲ ਗਿਣਤੀ 3 ਹੈ । ਸੋ ਕੁੱਲ ਮਿਲਾ ਕੇ ਤਿੰਨ (3) ਯੋਗ ਭਾਗੀਦਾਰਾਂ ਨੂੰ ਤਿੰਨ (3) ਇਨਾਮ ਦਿੱਤੇ ਜਾਣਗੇ।
3. ਇਨਾਮ ਤਬਦੀਲ ਕਰਨ ਯੋਗ ਨਹੀਂ ਹੈ ਅਤੇ ਕੋਈ ਨਕਦ ਵਿਕਲਪ ਨਹੀਂ ਹੈ। ਪ੍ਰਮੋਟਰ ਕਿਸੇ ਵੀ ਸਮੇਂ ਬਰਾਬਰ ਜਾਂ ਵੱਧ ਮੁੱਲ ਦੇ ਬਰਾਬਰ ਇਨਾਮ ਨੂੰ ਬਦਲਣ ਦਾ ਅਧਿਕਾਰ ਰੱਖਦਾ ਹੈ ।
4. ਰਿਜ਼ਲਟ ਐਂਟਰੀਆਂ ਲਏ ਜਾਣ ਦੀ ਆਖਰੀ ਮਿਤੀ ਤੋਂ 2 ਹਫਤਿਆਂ ਦੇ ਵਿੱਚ ਕੱਢੇ ਜਾਣਗੇ।
5. ਜੇਤੂ, ਪੈਨਲ ਦੇ ਮੈਂਬਰਾਂ ਦੁਆਰਾ, ਚੋਣ ਮਾਪਦੰਡਾਂ ਦੇ ਅਧਾਰ ਤੇ ਕੱਢੇ ਜਾਣਗੇ।

**ਐਂਟਰੀ:**

1. ਇੱਕ ਯੋਗ ਭਾਗੀਦਾਰ ਸਾਈਕਲਿੰਗ ਨਾਲ ਜੁੜੇ ਆਪਣੇ ਆਰਟਵਰਕ ਨੂੰ, ਬਾਈਕ ਬਰੈਂਪਟਨ ਨੂੰ ਭੇਜਣ ਦੇ ਨਾਲ ਨਾਲ @therosebrampton ਅਤੇ @bikebrampton ਨੂੰ ਟੈਗ ਵੀ ਕਰੇ ਅਤੇ #smARTridebrampton ਵੀ ਇਸਤੇਮਾਲ ਕੀਤਾ ਜਾਵੇ।
2. ਯੋਗ ਐਂਟਰੀਆਂ ਵਿੱਚ ਜਨਰਲ ਵੀਡੀਓ, ਫੋਟੋਗ੍ਰਾਫੀ, ਡਾਂਸ, ਕਵਿਤਾ, ਸਪੋਕਨ ਵਰਡ, ਸੰਗੀਤ ਜਾਂ ਲਿਖਤ ਸ਼ਾਮਲ ਹਨ। (ਵਧੇਰੇ ਜਾਣਕਾਰੀ)
3. ਇਕ ਭਾਗੀਦਾਰ ਸਿਰਫ ਇਕ ਐਂਟਰੀ ਹੀ ਭੇਜ ਸਕਦਾ ਹੈ। ਇਕੋ ਯੋਗ ਭਾਗੀਦਾਰ ਦੁਆਰਾ ਕੀਤੀਆਂ ਵਾਧੂ ਐਂਟਰੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ
4. ਸਾਰੀਆਂ ਜਾਇਜ਼ ਐਂਟਰੀਆਂ ਨੂੰ ਇਨਾਮ ਜਿੱਤਣ ਦੇ ਮੌਕੇ ਲਈ ਇਨਾਮ ਡਰਾਅ ਵਿੱਚ ਦਾਖਲ ਕੀਤਾ ਜਾਵੇਗਾ।
5. ਜੇਤੂ ਨੂੰ ਨਤੀਜਿਆਂ ਦੀ ਘੋਸ਼ਣਾ ਤੋਂ ਬਾਅਦ ਦੋ ਦਿਨਾਂ ਦੇ ਅੰਦਰ ਈਮੇਲ ਅਤੇ / ਜਾਂ ਫੋਨ ਦੁਆਰਾ ਸੂਚਿਤ ਕੀਤਾ ਜਾਏਗਾ ।
6. ਜੇਤੂਆਂ ਨੂੰ ਇਨਾਮ ਦਾ ਦਾਅਵਾ ਕਰਨ ਲਈ ਨੋਟੀਫਿਕੇਸ਼ਨ ਮਿਤੀ ਦੇ ਇਕ ਹਫ਼ਤੇ ਦੇ ਅੰਦਰ ਪ੍ਰਮੋਟਰ ਨਾਲ ਸੰਪਰਕ ਕਰਨਾ ਹੋਵੇਗਾ।
7. ਫਿਰ ਵਿਜੇਤਾ ਨੂੰ ਹੁਨਰ ਪਰਖਣ (skill testing questions) ਵਾਲੇ ਪ੍ਰਸ਼ਨ ਦੇ ਸਹੀ ਉੱਤਰ ਦੇਣ ਦੀ ਲੋੜ ਹੋਵੇਗੀ।
8. ਹੁਨਰ ਪਰਖਣ ਵਾਲੇ ਪ੍ਰਸ਼ਨ ਦੇ ਸਹੀ ਉੱਤਰ ਦੇਚਣ ਤੋਂ ਬਾਅਦ, ਜੇਤੂ ਨੂੰ ਪ੍ਰਮੋਟਰ ਨੂੰ ਉਨ੍ਹਾਂ ਦਾ ਪੂਰਾ ਨਾਮ, ਮੇਲਿੰਗ ਪਤਾ ਅਤੇ ਸੰਪਰਕ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ।
   ਜੇ ਵਿਜੇਤਾ ਇਨਾਮ ਦਾ ਦਾਅਵਾ ਕਰਨ ਵਿਚ ਅਸਫਲ ਰਹਿੰਦਾ ਹੈ, ਤਾਂ ਉਸਦੇ ਇਨਾਮ ਨੂੰ ਜ਼ਬਤ ਕਰ ਲਿਆ ਜਾਵੇਗਾ ਅਤੇ ਉਸਦੀ ਜਗ੍ਹਾ ਨਵਾਂ ਜੇਤੂ ਐਲਾਨਿਆ ਜਾਵੇਗਾ।
9. ਪ੍ਰਮੋਟਰ ਵਿਜੇਤਾ ਨੂੰ, ਉਸ ਦਆਰਾ ਦਿੱਤੇ ਗਏ ਮੇਲਿੰਗ ਪਤੇ ਦੇ ਅਧਾਰ ਤੇ, ਜੇਤੂ ਨੂੰ ਇਨਾਮ ਪ੍ਰਦਾਨ ਕਰਨ ਦਾ ਪ੍ਰਬੰਧ ਕਰੇਗਾ।
10. ਪ੍ਰਮੋਟਰ ਕੋਲ ਕਿਸੇ ਵੀ ਐਂਟਰੀ ਨੂੰ ਅਣਉਚਿਤ, ਅਸਪੱਸ਼ਟ ਜਾਂ ਅਪਮਾਨਜਨਕ ਸਮਝਦਿਆਂ ਹੋਇਆਂ ਉਸਨੂੰ ਅਯੋਗ ਠਹਿਰਾਉਣ ਦਾ ਅਧਿਕਾਰ ਹੈ।
11. ਪ੍ਰਮੋਟਰ ਦੇਰੀ ਜਾਂ ਗਲਤ ਢੰਗ ਨਾਲ ਭੇਜੀਆਂ ਗਈਆਂ ਐਂਟਰੀਆਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

**ਆਮ:**

1. ਪ੍ਰੋਮੋਸ਼ਨ ਨਾਲ ਜੁੜੇ ਸਾਰੇ ਮਾਮਲਿਆਂ ਵਿੱਚ, ਪ੍ਰੋਮੋਟਰ ਦਾ ਫੈਸਲਾ ਅੰਤਮ ਹੋਵੇਗਾ ਅਤੇ ਕੋਈ ਪੱਤਰ ਵਿਹਾਰ ਜਾਂ ਵਿਚਾਰ ਵਟਾਂਦਰੇ ਨਹੀਂ ਕੀਤੇ ਜਾਣਗੇ ।
2. ਪ੍ਰਮੋਟਰ ਸਾਰੇ ਭਾਗੀਦਾਰਾਂ ਦੀ ਯੋਗਤਾ ਦੀ ਪੁਸ਼ਟੀ ਕਰਨ ਅਤੇ ਕਿਸੇ ਵੀ ਨਿਯਮ ਦੀ ਉਲੰਘਣਾ ਦੇ ਰੂਪ ਵਿੱਚ ਕਿਸੇ ਵੀ ਭਾਗੀਦਾਰ ਨੂੰ ਅਯੋਗ ਠਹਿਰਾਉਣ ਦਾ ਅਧਿਕਾਰ ਰੱਖਦਾ ਹੈ।
3. ਪ੍ਰਮੋਟਰ ਬਿਨਾਂ ਕਿਸੇ ਨੋਟਿਸ ਦੇ ਪ੍ਰਮੋਸ਼ਨ ਵਿਚ ਕਿਸੇ ਵੀ ਸਮੇਂ ਸੋਧ ਜਾਂ ਖਤਮ ਕਰਨ ਦਾ ਅਧਿਕਾਰ ਰੱਖਦਾ ਹੈ। ਪ੍ਰਮੋਸ਼ਨ ਵਿੱਚ ਕੀਤੀ ਗਈ ਕੋਈ ਤਬਦੀਲੀ ਬਾਰੇ ਸੋਸ਼ਲ ਮੀਡੀਆ ‘ਤੇ ਦੱਸਿਆ ਜਾਵੇਗਾ।
4. ਭਾਗੀਦਾਰ, ਕਾਰਪੋਰੇਸ਼ਨ ਆਫ ਸਿਟੀ ਆਫ ਬ੍ਰੈਂਪਟਨ ਅਤੇ ਬਾਈਕ ਬਰੈਂਪਟਨ ਨੂੰ ਉਨ੍ਹਾਂ ਦੀਆਂ ਕਲਾਕਾਰੀ ਨੂੰ ਪ੍ਰਚਾਰ ਦੇ ਉਦੇਸ਼ਾਂ ਲਈ ਵਰਤਣ ਦੀ ਇਜਾਜ਼ਤ ਦਿੰਦਾ ਹੈ। ਕਲਾਕਾਰ ਨੂੰ ਹਮੇਸ਼ਾਂ ਕ੍ਰੈਡਿਟ ਦਿੱਤਾ ਜਾਂਦਾ ਹੈ।

**ਹੇਠ ਲਿਖੀਆਂ ਮਾਪਦੰਡਾਂ ਦੀ ਵਰਤੋਂ ਕਰਦਿਆਂ ਐਂਟਰੀਆਂ ਦੀ ਸਮੀਖਿਆ ਕੀਤੀ ਜਾਏਗੀ:**

1. ਸਾਈਕਲਿੰਗ, ਕਲਾ ਅਤੇ ਸਭਿਆਚਾਰ ਅਤੇ ਵਾਤਾਵਰਣ ਵਿਚਕਾਰ ਭਾਵਨਾਤਮਕ ਅਤੇ ਬੌਧਿਕ ਰਿਸ਼ਤਾ।

2. ਡਿਜ਼ਾਇਨ ਦੇ ਸਿਧਾਂਤ, ਉਦਾਹਰਣ ਵਜੋਂ: ਕਨਟਰਾਸਟ (Contrast), ਸੰਤੁਲਨ (Balance), ਜ਼ੋਰ (Emphasis), ਅਨੁਪਾਤ (Proportion), ਸ਼੍ਰੇਣੀ (Hierarchy), ਦੁਹਰਾਓ (Repetition), ਤਾਲ (Rhythm), ਪੈਟਰਨ (Pattern), ਵਈਟ ਸਪੇਸ (White Space), ਮੂਵਮੈਂਟ (Movement), ਭਿੰਨਤਾ (Diversity), ਏਕਤਾ (Unity)।

3. ਡਿਜ਼ਾਇਨ ਦੇ ਤੱਤ (elements), ਉਦਾਹਰਣ ਲਈ: ਲਾਈਨ (Line), ਸ਼ੇਪ (shape), ਸਪੇਸ (space), ਮੁੱਲ (value), ਰੰਗ (colour), ਟੈਕਸਚਰ (texture)।